The true picture of your local community
NZ ਤਸਵੀਰ NEWS
www.nztasveernews.co.nz || ਪੰਜਾਬੀ ਅਖ਼ਬਾਰ || NZ Tasveer News

ਆਨਲਾਈਨ ਈ-ਪੇਪਰ
ਵਿਚ ਇਸ਼ਤਿਹਾਰ
ਦੇਣ ਲਈ
ਸੰਪਰਕ ਕਰੋ
09 390 4644

0800 CLEANUS
RED CLEANING
Old & New Build House Cleaning (Inside & Outside)
Home Cleaning
Carpet Cleaning
Floor Polishing
Water Blaster
Lawn Mowing
Carpet Cleaning
3 Bedroom $95
5 Bedroom $135
ਹੋਮ ਕਲੀਨਿੰਗ
ਕਾਰਪੇਟ ਕਲੀਨਿੰਗ
ਫਲੋਰ ਪੋਲਿਸ਼ਿੰਗ
ਵਾਟਰ ਬਲਾਸਟਰ
ਲਾਅਨ ਮੂਵਿੰਗ
Contact : Raj 021 8740 730, 0800 253 2687
www.redcleaning.co.nz

23 September 2018 Daily, editornztasveer@gmail.com designnztasveer@gmail.com Ph/Fax: 09 390 4644 FREE

# ਆਕਲੈਂਡ ਦੀ ਸੰਗਤ ਵੱਲੋਂ ਕੇਰਲ ਹੜ੍ਹ ਪੀੜ੍ਹਤਾਂ ਦੀ ਸਹਾਇਤਾ ਲਈ ਇਕੱਤਰ ਕੀਤੇ ਗਏ 800 ਡਾਲਰ

ਆਕਲੈਂਡ– ਪੰਜਾਬੀਆਂ ਦੀ ਫਿਤਰਤ ਹੀ ਹੈ ਕਿ ਉਹ ਕਿਸੇ ਵੀ ਹਾਲਾਤ ਵਿੱਚ ਹੋਣ ਪਰ ਲੋੜਵੰਦਾਂ ਦੀ ਮੱਦਦ ਕਰਨ ਤੋਂ ਕਦੇ ਵੀ ਪਿੱਛੇ ਨਹੀਂ ਹੱਟਦੇ। ਨਿਊਜੀਲੈਂਡ ‘ਚ ਵਸਦੇ ਪੰਜਾਬੀ ਭਾਈਚਾਰੇ ਨੇ ਕੇਰਲ ‘ਚ ਹੜ੍ਹ ਪੀੜ੍ਹਤਾ ਲਈ 800 ਡਾਲਰ ਇੱਕਠੇ ਕੀਤੇ ਗਏ। ਜੋ ਕਿ ਖਾਲਸਾ ਏਡ ਦੀ ਜਰੀਏ ਹੜ੍ਹ ਪੀੜ੍ਹਤਾ ਤੱਕ ਪੁੱਜਦੇ ਕੀਤੇ ਗਏ ਹਨ। ਸ੍ਰੀ ਗੁਰੂ ਰਵਿਦਾਸ ਸਭਾ ਅਤੇ ਅੰਬੇਡਕਰ ਸਪੋਰਟਸ ਕਲੱਬ ਵੱਲੋ ਸਾਂਝੇ ਤੌਰ ‘ਤੇ ਇਕੱਠੇ ਕੀਤੇ ਗਏ। ਦੋਵਾਂ ਕਮੇਟੀਆਂ ਵੱਲੋਂ ਸੰਗਤਾਂ ਦਾ ਧੰਨਵਾਦ ਕੀਤਾ ਗਿਆ।



# ਐਡੀਲੇਡ ‘ਚ ਨੌਜਵਾਨਾਂ ਦੇ ਗਰੁੱਪ ਵਿਚਾਲੇ ਹੋਇਆ ਝਗੜਾ, 2 ਜ਼ਖ਼ਮੀ



ਆਸਟ੍ਰੇਲੀਆ ਦੇ ਸ਼ਹਿਰ ਐਡੀਲੇਡ ‘ਚ ਸ਼ਨੀਵਾਰ ਦੀ ਰਾਤ ਨੂੰ ਕੁਝ ਨੌਜਵਾਨਾਂ ਦੇ ਗਰੁੱਪ ਵਿਚਾਲੇ ਝਗੜਾ ਹੋ ਗਿਆ। ਇਸ ਝਗੜੇ ਵਿਚ ਇਕ ਨੌਜਵਾਨ ਗੰਭੀਰ ਰੂਪ ਨਾਲ ਜ਼ਖਮੀ ਹੋ ਗਿਆ, ਜਿਸ ਦਾ ਹਸਪਤਾਲ ਵਿਚ ਇਲਾਜ ਚੱਲ ਰਿਹਾ ਹੈ। ਪੁਲਸ ਨੇ ਇਸ ਮਾਮਲੇ ਨੂੰ ਲੈ ਕੇ 6 ਲੋਕਾਂ ਨੂੰ ਹਿਰਾਸਤ ਵਿਚ ਲਿਆ ਅਤੇ ਦੋਸ਼ ਲਾਏ ਹਨ। ਐਮਰਜੈਂਸੀ ਅਧਿਕਾਰੀਆਂ ਮੁਤਾਬਕ ਪਿਲਨੇਨੀ ਸਟਰੀਟ ਅਤੇ ਨੌਰਥ ਟੈਰੇਸ ‘ਤੇ ਸ਼ਨੀਵਾਰ ਦੀ ਰਾਤ ਤਕਰੀਬਨ 10.30 ਵਜੇ ਨੌਜਵਾਨਾਂ ਦੇ ਇਕ ਗਰੁੱਪ ਵਿਚ ਕਿਸੇ ਗੱਲ ਨੂੰ ਲੈ ਕੇ ਝਗੜਾ ਹੋ ਗਿਆ। ਇਸ ਦੌਰਾਨ ਛੇਰਬਾਜ਼ੀ ਵੀ ਹੋਈ, ਜਿਸ ਦੌਰਾਨ 23 ਸਾਲਾ ਨੌਜਵਾਨ ਦੇ ਢਿੱਡ ‘ਚ ਚਾਕੂ ਲੱਗਾ। ਝਗੜੇ ਦੌਰਾਨ ਧੱਕਾ-ਮੁੱਕੀ ‘ਚ ਇਕ ਹੋਰ ਨੌਜਵਾਨ ਜ਼ਖਮੀ ਹੋਇਆ, ਜਿਸ ਦਾ ਹਸਪਤਾਲ ‘ਚ ਇਲਾਜ ਚੱਲ ਰਿਹਾ ਹੈ। ਪੁਲਸ ਮੁਤਾਬਕ ਝਗੜੇ ਵਿਚ ਪੁਲਸ ਨੇ 21 ਸਾਲਾ ਨੌਜਵਾਨ, ਦੋ 22 ਸਾਲਾ ਨੌਜਵਾਨ, 23 ਸਾਲਾ ਨੌਜਵਾਨ ਅਤੇ ਇਕ 28 ਸਾਲਾ ਔਰਤ ਸ਼ਾਮਲ ਸਨ, ਜਿਨ੍ਹਾਂ ਨੂੰ ਹਿਰਾਸਤ ਵਿਚ ਲਿਆ ਗਿਆ।

# ਨਿਊਜ਼ੀਲੈਂਡ ‘ਚ ਜੇਲ ਅਫਸਰ ਬਣੀ ਪੰਜਾਬੀ ਕੁੜੀ ਸ਼ੈਰੋਨਦੀਪ



ਵੈਲਿੰਗਟਨ— ਪੰਜਾਬੀ ਚਾਹੇ ਦੇਸ਼ ‘ਚ ਹੋਣ ਜਾਂ ਵਿਦੇਸ਼ ‘ਚ ਆਪਣੀ ਮਿਹਨਤ ਸਦਕਾ ਬੁਲੰਦੀਆਂ ਹਾਸਲ ਕਰ ਹੀ ਲੈਂਦੇ ਹਨ। ਅਜਿਹੀ ਹੀ ਇਕ ਹੋਰ ਮਿਸਾਲ ਬਣੀ ਹੈ ਪੰਜਾਬੀ ਕੁੜੀ ਸ਼ੈਰੋਨਦੀਪ ਵੜੈਚ। ਸ਼ੈਰੋਨਦੀਪ ਨੇ ਆਪਣੀ ਸਖਤ ਮਿਹਨਤ ਸਦਕਾ ਨਿਊਜ਼ੀਲੈਂਡ ‘ਚ ਜੇਲ ਅਫਸਰ ਦਾ ਅਹੁਦਾ ਹਾਸਲ ਕੀਤਾ ਹੈ। ਸ਼ੈਰੋਨਦੀਪ ਨੇ 20 ਸਾਲ ਦੀ ਉਮਰ ‘ਚ ਹੀ ਆਪਣੀ ਪੜ੍ਹਾਈ ਦੇ ਨਾਲ-ਨਾਲ ‘ਕੋਰੈਕਸ਼ਨ ਅਫਸਰ’ ਦੀ ਨੌਕਰੀ ਪ੍ਰਾਪਤ ਕਰਕੇ ਆਪਣੇ ਬੁਲੰਦ ਹੌਂਸਲੇ ਅਤੇ ਚੁਣੌਤੀ ਭਰੇ ਰੋਲ ਨੂੰ ਸਵੀਕਾਰ ਕੀਤਾ ਹੈ। ਸ਼ੈਰੋਨਦੀਪ ਗਿੱਧੇ ਤੇ ਭੰਗੜੇ ‘ਚ ਵੀ ਪੂਰੀ ਸਰਗਰਮੀ ਨਾਲ ਹਿੱਸਾ ਲੈਂਦੀ ਹੈ। ਜਾਣਕਾਰੀ ਮੁਤਾਬਕ ਸ਼ੈਰੋਨਦੀਪ ਪੰਜਾਬ ਦੇ ਕਠਾਰ ਪਿੰਡ ਦੀ ਰਹਿਣ ਵਾਲੀ ਹੈ ਤੇ ਅਕਸਰ ਆਪਣੇ ਪਿੰਡ ਆਉਂਦੀ ਰਹਿੰਦੀ ਹੈ। ਸ਼ੈਰੋਨਦੀਪ ਨੇ ਸਹੀ ਮਾਇਨੇ ‘ਚ ਪੰਜਾਬੀ ਭਾਈਚਾਰੇ ਦਾ ਮਾਣ ਵਧਾਇਆ ਹੈ।

# ਲੰਡਨ : ਇੰਟਰਨੈੱਟ ‘ਤੇ ਹੋ ਰਹੇ ਨੇ ਪੰਜਾਬੀ ਤੇ ਗੋਰੀ ਦੇ ਚਰਚੇ



ਪੰਜਾਬ ਤੋਂ ਵਿਦੇਸ਼ਾਂ ਨੂੰ ਗਏ ਕਈ ਪੰਜਾਬੀ ਮਿਸਾਲ ਬਣੇ ਹਨ, ਜੋ ਕਿ ਬਹੁਤ ਹੀ ਪਿਆਰ-ਮੁਹੱਬਤ ਨਾਲ ਰਹਿ ਰਹੇ ਹਨ। ਬਸ ਇੰਨਾ ਹੀ ਨਹੀਂ ਉਹ ਆਪਣੀ ਮਾਂ-ਬੋਲੀ, ਸੱਭਿਆਚਾਰ ਨਾਲ ਵੀ ਬੱਝੇ ਹੋਏ ਹਨ ਅਤੇ ਆਪਣੇ ਬੱਚਿਆਂ ਨੂੰ ਵੀ ਸਿੱਖੀ ਨਾਲ ਜੋੜ ਰਹੇ ਹਨ। ਅੱਜ ਦੇ ਸਮੇਂ ‘ਚ ਅੰਗਰੇਜ਼ੀ ਨੂੰ ਪਹਿਲ ਦਿੱਤੀ ਜਾਂਦੀ ਹੈ ਪਰ ਲੰਡਨ ‘ਚ ਇਕ ਪਰਿਵਾਰ ਅਜਿਹਾ ਵੀ ਰਹਿੰਦਾ ਹੈ, ਜਿਨ੍ਹਾਂ ਦੀ ਪ੍ਰੇਮ-ਕਹਾਣੀ ਵੱਖਰੀ ਹੈ। ਵੱਡੀ ਗੱਲ ਇਹ ਹੈ ਕਿ ਉਨ੍ਹਾਂ ਦੇ ਬੱਚੇ ਪੰਜਾਬੀ ਭਾਸ਼ਾ ਬੋਲਦੇ ਹਨ, ਇਸ ਦਾ ਸਿਹਰਾ ਜਾਂਦਾ ਹੈ ਉਨ੍ਹਾਂ ਦੇ ਮਾਪਿਆਂ ਨੂੰ।

**ਆਓ ਜਾਣਦੇ ਹਾਂ ਇਸ ਪਰਿਵਾਰ ਬਾਰੇ—** ਪੰਜਾਬ ਦੇ ਕਪੂਰਥਲਾ ਤੋਂ ਸ਼ਰਨਜੀਤ ਸਿੰਘ ਨਾਂ ਦਾ ਪੰਜਾਬੀ ਗੱਭਰੂ 14 ਸਾਲ ਪਹਿਲਾਂ ਯੂ. ਕੇ. ਗਿਆ। ਸ਼ਰਨਜੀਤ ਨੂੰ ਲਿਥੂਏਨੀਅਨ ਮੂਲ ਦੀ ਡੋਨਾਟਾ ਨਾਲ ਪਿਆਰ ਹੋ ਗਿਆ। ਕੁਝ ਸਾਲ ਪਹਿਲਾਂ ਦੋਹਾਂ ਦਾ ਵਿਆਹ ਹੋਇਆ। ਦੋਹਾਂ ਦੀ ਪ੍ਰੇਮ ਕਹਾਣੀ ਇਨ੍ਹੀਂ ਦਿਨੀਂ ਇੰਟਰਨੈੱਟ ‘ਤੇ ਚਰਚਾ ਦਾ ਵਿਸ਼ਾ ਬਣੀ ਹੋਈ ਹੈ। ਫੇਸਬੁੱਕ ‘ਤੇ ਸ਼ਰਨਜੀਤ ਦੀਆਂ ਪਰਿਵਾਰਕ ਤਸਵੀਰਾਂ ਨੂੰ ਲੋਕਾਂ ਵਲੋਂ ਕਾਫੀ ਪਸੰਦ ਕੀਤਾ ਜਾ ਰਿਹਾ ਹੈ। ਦੋਹਾਂ ਦੀ ਪ੍ਰੇਮ ਕਹਾਣੀ ਵੱਖਰੀ ਹੈ, ਕਿਉਂਕਿ ਸ਼ਰਨਜੀਤ ਸਿੱਖ ਪਰਿਵਾਰ ਨਾਲ ਸਬੰਧਤ ਹੈ। ਸ਼ਰਨਜੀਤ ਅਤੇ ਡੋਨਾਟਾ ਦੇ ਦੋ ਬੱਚੇ ਹਨ, ਜਿਨ੍ਹਾਂ ਦੇ ਨਾਂ ਹਨ- ਆਨੰਦ ਸਿੰਘ ਅਤੇ ਅੰਮ੍ਰਿਤ ਕੌਰ। ਸ਼ਰਨਜੀਤ ਨੇ ਆਪਣੇ ਬਾਰੇ ਦੱਸਦੇ ਹੋਏ ਕਿਹਾ ਕਿ ਜਦੋਂ ਉਹ ਪਹਿਲੀ ਵਾਰ ਡੋਨਾਟਾ ਨੂੰ ਮਿਲੇ ਸਨ, ਤਾਂ ਉਸ ਨੂੰ ਮਹਿਸੂਸ ਹੋਇਆ ਕਿ ਡੋਨਾਟਾ ਹੀ ਉਸ ਦੀ ਹਮਸਫਰ ਬਣੇਗੀ। ਸ਼ਰਨਜੀਤ ਨੇ ਅੱਗੇ ਦੱਸਿਆ ਕਿ ਉਹ ਸਿੱਧਾ-ਸਾਦਾ ਜਿਹਾ ਸੀ ਭਾਵ ਰੋਮਾਂਟਿਕ ਟਾਈਪ ਦਾ ਨਹੀਂ ਸੀ ਪਰ ਡੋਨਾਟਾ ਨੇ ਫਿਰ ਵੀ ਉਸ ਨੂੰ ਪਸੰਦ ਕੀਤਾ। ਆਪਣੀ ਵਹੁਟੀ ਡੋਨਾਟਾ ਬਾਰੇ ਸ਼ਰਨਜੀਤ ਦਾ ਕਹਿਣਾ ਹੈ ਕਿ ਉਹ ਬਹੁਤ ਚੰਗੀ ਹੈ, ਮੈਂ ਉਸ ਦੀ ਜਿੰਨੀ ਤਾਰੀਫ ਕਰਾਂ ਥੋੜ੍ਹੀ ਹੈ। ਮੇਰੇ ਪਰਿਵਾਰ ਅਤੇ ਦੋਸਤਾਂ ਲਈ ਇਹ ਹੈਰਾਨੀ ਵਾਲੀ ਗੱਲ ਸੀ ਕਿ ਡੋਨਾਟਾ ਨੇ ਸਿੱਖੀ ਸਿਧਾਂਤਾਂ ਅਤੇ ਪੰਜਾਬੀ ਸੱਭਿਆਚਾਰ ਨੂੰ ਬਾਖੂਬੀ ਅਪਣਾਇਆ। ਸ਼ਰਨਜੀਤ ਨੇ ਅੱਗੇ ਦੱਸਿਆ ਕਿ ਮੇਰੀ ਮਾਂ ਆਖਦੀ ਸੀ ਕਿ ਪੁੱਤਰ ਵਲੈਤ ਚਲਿਆ ਹੈਂ ਤਾਂ ਜੇ ਕਿਸੇ ਬੇਗਾਨੀ ਦਾ ਹੱਥ ਫੜ ਲਿਆ ਤਾਂ ਮੁੜ ਛੱਡੀਂ ਨਾ। ਬਸ ਫਿਰ ਕੀ ਸੀ ਮਾਂ ਦੇ ਉਹ ਬੋਲ ਪੁਗਾ ਦਿੱਤੇ ਤੇ ਡੋਨਾਟਾ ਮੇਰੀ ਜ਼ਿੰਦਗੀ ਬਣ ਗਈ। ਸ਼ਰਨਜੀਤ ਇਕ ਚੰਗਾ ਉਪਰਾਲਾ ਵੀ ਕਰ ਰਹੇ ਹਨ, ਉਹ ਆਪਣੇ ਬੱਚਿਆਂ ਨੂੰ ਮਾਂ-ਬੋਲੀ ਪੰਜਾਬੀ ਨਾਲ ਜੋੜਦੇ ਰਹੇ ਹਨ। ਉਨ੍ਹਾਂ ਕਿਹਾ ਕਿ ਸਾਡੇ ਘਰ ਚਰਚ ਅਤੇ ਬਾਈਬਲ ਦੀ ਗੱਲ ਕਰਨ ‘ਤੇ ਕੋਈ ਪਾਬੰਦੀ ਨਹੀਂ ਹੈ। ਮੇਰੇ ਨਿੱਕੇ ਜਿਹੇ ਬੱਚੇ ਸਰਬੱਤ ਦਾ ਭਲਾ ਮੰਗਦੇ ਹਨ। ਉਹ ਪੰਜਾਬੀ ਅਤੇ ਲਿਥੂਏਨੀਅਨ ਬੋਲੀ ਸਿੱਖਣ ਲਈ ਬਰਾਬਰ ਸਮਾਂ ਬਿਤਾਉਂਦੇ ਹਨ। ਜੋੜੀ ਨੇ ਪਿਆਰ ਅਤੇ ਸ਼ਾਂਤੀ ਦਾ ਸੰਦੇਸ਼ ਦੇਣ ਲਈ ਫੇਸਬੁੱਕ ਪੇਜ ‘ਤੇ ਕਈ ਪੋਸਟਾਂ ਨੂੰ ਸ਼ੇਅਰ ਕੀਤਾ ਹੈ। ਦੋਹਾਂ ਦੇ ਬੱਚੇ ਆਨੰਦ ਅਤੇ ਅੰਮ੍ਰਿਤ ਪੰਜਾਬੀ ਅਤੇ ਲਿਥੂਏਨੀਅਨ ਸੱਭਿਆਚਾਰ ਨੂੰ ਸਿੱਖਦੇ ਹਨ। ਸੋਸ਼ਲ ਮੀਡੀਆ ‘ਤੇ ਦੋਹਾਂ ਦੀਆਂ ਪੰਜਾਬੀ ਬੋਲਦਿਆਂ ਦੀ ਵੀਡੀਓਜ਼ ਸ਼ੇਅਰ ਕੀਤੀਆਂ ਗਈਆਂ ਹਨ। ਸ਼ਰਨਜੀਤ ਦਾ ਕਹਿਣਾ ਹੈ ਕਿ ਬੱਚਿਆਂ ਨੂੰ ਮਾਂ ਦੀ ਗੁੜ੍ਹਤੀ ਅਤੇ ਪਿਓ ਦਾ ਲਾਡ ਬਰਾਬਰ ਮਿਲਦਾ ਹੈ ਅਤੇ ਕੁਝ ਵੀ ਕਿਸੇ ‘ਤੇ ਥੋਪਿਆ ਨਹੀਂ ਜਾਂਦਾ। ਉਨ੍ਹਾਂ ਕਿਹਾ ਕਿ ਇਸ ਪਿਆਰ-ਮੁਹੱਬਤ ਅਤੇ ਸਬਰ-ਸ਼ੁਕਰ ਵਾਲੀ ਜ਼ਿੰਦਗੀ ‘ਚ ਹੋਰ ਕੁਝ ਪਾਉਣ ਦੀ ਲਾਲਸਾ ਨਹੀਂ ਹੈ, ਬਸ ਇਕ ਸੁਨੇਹਾ ਹੈ ਕਿ ਪਰਿਵਾਰ ਜਿੱਥੇ ਵੀ ਰਹਿਣ ਆਪਸੀ ਪਿਆਰ ਤੇ ਸਾਂਝ ਨਾਲ ਮਿਲ ਕੇ ਆਪਣੇ ਸੱਭਿਆਚਾਰ ਨਾਲ ਜੁੜ ਕੇ ਰਹਿਣ।

# ਸਾਂਸਦ ਕੰਵਲਜੀਤ ਸਿੰਘ ਬਖਸ਼ੀ ਆਪਣੇ ਹਲਕੇ ਮੈਨੁਕਾਓ ਈਸਟ ਤੋਂ ਲੱਭ ਰਹੇ ਯੂਥ ਐੱਮ ਪੀ

ਆਕਲੈਂਡ- ਮੈਨੁਕਾਓ ਈਸਟ ਹਲਕੇ ਤੋਂ ਸ. ਕੰਵਲਜੀਤ ਸਿੰਘ ਬਖਸ਼ੀ ਨੂੰ ਆਪਣੇ ਹਲਕੇ ਮੈਨੁਕਾਓ ਈਸਟ ਤੋਂ ਇੱਕ ਅਜਿਹੇ ਨੌਜਵਾਨ ਵਿਅਕਤੀ ਦੀ ਭਾਲ, ਜਿਸ ਦੀ ਉਮਰ 18 ਸਾਲ ਦੀ ਹੋਵੇ। ਉਹ ਇਸ ਨੌਜਵਾਨ ਨੂੰ ਯੂਥ ਐੱਮਪੀ ਵਜੋਂ ਚੁਣ ਕੇ ਭਵਿੱਖ ਦੇ ਲਈ ਰਾਜਸੀ ਦਿਲਚਸਪੀ ਲਈ ਤਿਆਰ ਕਰਨਾ ਚਾਹੁੰਦੇ ਹਨ।ਉਨ੍ਹਾਂ ਦੁਆਰਾ ਚੁਣਿਆ ਹੋਇਆ ਨੌਜਵਾਨ ਸਾਲ 2019 ਦੌਰਾਨ ਸ.ਕੰਵਲਜੀਤ ਸਿੰਘ ਬਖਸ਼ੀ ਦੀ ਤਰਫ ਤੋਂ ਪਾਰਲੀਮੈਂਟ ਵਿੱਚ ਆਪਣੀ ਪੇਸ਼ਕਸ਼ ਕਰੇਗਾ। ਅਗਲੇ ਸਾਲ 16 ਅਤੇ 17 ਜੁਲਾਈ ਨੂੰ ਯੂਥ ਪਾਰਲੀਮੈਂਟ ਵਲਿੰਗਟਨ ਵਿਖੇ ਹੋਵੇਗੀ। ਵਰਣਨਯੋਗ ਹੈ ਕਿ ਮਨਿਸਟਰੀ ਆਫ਼ ਯੂਥ ਡਿਵੈਲਮੈਂਟ ਚੁਣੇ ਹੋਏ ਯੂਥ ਐੱਮਪੀ ਦਾ ਵਲਿੰਗਟਨ ਸਥਿਤ ਸਾਰਾ ਖਰਚ ਚੁੱਕੇਗੀ ਜਿਵੇਂ ਆਵਾਜਾਈ ਰਹਿਣ ਸਹਿਣ ਅਤੇ ਖਾਣਾ ਆਦਿ। ਤਿੰਨ ਸਾਲ ਬਾਅਦ ਹੋਣ ਵਾਲਾ ਇਹ ਸੈਸ਼ਨ ਨੌਜਵਾਨ ਬੱਚਿਆਂ ਨੂੰ ਇੱਕ ਮੌਕਾ ਦਿੰਦਾ ਹੈ ਕਿ ਦੇਸ਼ ਦੇ ਵਿਧਾਨ ਕਿਵੇਂ ਬਣਦੇ ਹਨ ਅਤੇ ਸੰਸਦ ਸਮੁੱਚੀ ਕਾਰਵਾਈ ਕਿਸ ਤਰਾਂ ਹੁੰਦੀ ਹੈ। ਯੂਥ ਐੱਮਪੀ ਬਣਨ ਵਾਸਤੇ ਤੁਹਾਡੀ ਯੋਗਤਾ ਇਸ ਤਰ੍ਹਾਂ ਹੋਣੀ ਚਾਹੀਦੀ ਹੈ।Active in the community




Able to attend youth Parliament on 16 and 17 july 2019 and commit to Youth MP tenure, from 1 March to 31 August 2019

Passionate About issues, politics and/or social change

Representative of the diversity of New Zealand's youth population and are able to seek the views, opinions and ideas of their peers and represent them at Youth Parliament 2019.

If this sounds like you then send a letter or email to me setting out why you would be agreat National List Youth MP and your thoughts on the most important thing that parliament should do to help young peoplr

Applications must be received in my office at 1/131 Kolmar Road, Papatoetoe,Auckland or via email bakshi.mp@parliament.govt.nz

# ਆਧਾਰ ਕਾਰਡ ਨਾ ਹੋਣ ਕਾਰਨ ਸਟ੍ਰੈਚਰ ‘ਤੇ ਤੜਫਦੀ ਰਹੀ ਗਰਭਵਤੀ, ਹੋਈ ਮੌਤ



ਯੂ. ਪੀ. ਦੇ ਹਰਦੋਈ ‘ਚ ਹਸਪਤਾਲ ਪ੍ਰਸ਼ਾਸਨ ਦੀ ਘਿਨੌਣੀ ਹਰਕਤ ਸਾਹਮਣੇ ਆਈ ਹੈ। ਇਥੇ ਆਧਾਰ ਕਾਰਡ ਨਾ ਹੋਣ ‘ਤੇ ਇਕ ਗਰਭਵਤੀ ਔਰਤ ਨੂੰ ਹਸਪਤਾਲ ‘ਚ ਦਾਖਲ ਨਹੀਂ ਕੀਤਾ ਗਿਆ। ਔਰਤ ਸਟ੍ਰੈਚਰ ‘ਤੇ ਤੜਫਦੀ ਰਹੀ ਤੇ ਉਸ ਨੇ ਦਮ ਤੋੜ ਦਿੱਤਾ। ਗਰਭਵਤੀ ਆਪਣੇ ਸਹੁਰੇ ਫਾਰੂਖਾਬਾਦ ਤੋਂ ਆਪਣੇ ਪੇਕੇ ਆਈ ਹੋਈ ਸੀ। ਸ਼ੁੱਕਰਵਾਰ ਦੀ ਸ਼ਾਮ ਨੂੰ ਜਣੇਪਾ ਦਰਦ ਹੋਣ ‘ਤੇ ਮਾਪੇ ਗਰਭਵਤੀ ਨੂੰ ਐਂਬੂਲੈਂਸ ‘ਚ ਹਰਪਾਲਪੁਰ ਸੀ. ਐੱਚ. ਸੀ. ਲੈ ਕੇ ਆਏ। ਔਰਤ ਦੇ ਪਿਤਾ ਸੰਤਪਾਲ ਕਸ਼ਯਪ ਦਾ ਦੋਸ਼ ਹੈ ਕਿ ਸੀ. ਐੱਚ. ਸੀ. ਦੇ ਮੁਲਾਜ਼ਮਾਂ ਨੇ ਗਰਭਵਤੀ ਕੋਲੋਂ ਆਧਾਰ ਕਾਰਡ ਮੰਗਿਆ।ਆਧਾਰ ਕਾਰਡ ਨਾ ਹੋਣ ‘ਤੇ ਹਸਪਤਾਲ ਵਾਲਿਆਂ ਨੇ ਦਾਖਲ ਕਰਨ ਤੋਂ ਨਾਂਹ ਕਰ ਦਿੱਤੀ। ਉਹ ਸਟ੍ਰੈਚਰ ‘ਤੇ ਤੜਫਦੀ ਰਹੀ, ਜਿਸ ਮਗਰੋਂ ਮਾਪੇ ਦੇਰ ਰਾਤ ਉਸ ਨੂੰ ਹੋਰ ਪ੍ਰਾਈਵੇਟ ਹਸਪਤਾਲ ‘ਚ ਲਿਜਾਣ ਲਈ ਪੈਸਿਆਂ ਦਾ ਪ੍ਰਬੰਧ ਕਰਨ ਲੱਗੇ। ਇਸੇ ਦੌਰਾਨ ਰਾਤ ਨੂੰ ਗਰਭਵਤੀ ਸੰਤਾ ਦੀ ਹਾਲਤ ਵਿਗੜ ਗਈ ਅਤੇ ਉਸ ਦੀ ਘਰ ‘ਚ ਹੀ ਮੌਤ ਹੋ ਗਈ। ਪੁਲਸ ਵਲੋਂ ਮਾਮਲਾ ਦਰਜ ਕਰਕੇ ਜਾਂਚ ਕੀਤੀ ਜਾ ਰਹੀ ਹੈ।

# ਤੇ ਹੁਣ ਰੇਲ ਗੱਡੀਆਂ ‘ਚ ਚਾਹ ਦੀਆਂ ਕੇਤਲੀਆਂ ‘ਤੇ ਸ੍ਰੀ ਦਰਬਾਰ ਸਾਹਿਬ ਦੀ ਤਸਵੀਰ



ਭਾਰਤੀ ਰੇਲਵੇ ਵਲੋਂ ਰੇਲ ਗੱਡੀਆਂ ‘ਚ ਯਾਤਰੀਆਂ ਨੂੰ ਦਿੱਤੀ ਜਾਂਦੀ ਚਾਹ ਦੀਆਂ ਕੇਤਲੀਆਂ ‘ਤੇ ਇਹ ਲੇਬਲ ਸਾਹਮਣੇ ਆਉਣ ‘ਤੇ ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ ਨੇ ਇਕ ਵਾਰ ਫਿਰ ਸਖ਼ਤ ਇਤਰਾਜ਼ ਪ੍ਰਗਟ ਕੀਤਾ ਹੈ। ਇਸ ਸਬੰਧੀ ਸ਼੍ਰੋਮਣੀ ਕਮੇਟੀ ਨੇ ਇੰਡੀਅਨ ਰੇਲਵੇ ਕੈਟਰਿੰਗ ਐਂਡ ਟੂਰਿਜ਼ਮ ਕਾਰਪੋਰੇਸ਼ਨ ਲਿਮਟਿਡ ਅਤੇ ਬੀ. ਐੱਸ. ਐੱਨ. ਐੱਲ. ਨਾਲ ਰਾਬਤਾ ਕਾਇਮ ਕਰ ਕੇ ਸੱਚਖੰਡ ਸ੍ਰੀ ਹਰਿਮੰਦਰ ਸਾਹਿਬ ਦੀ ਤਸਵੀਰ ਵਾਲੇ ਲੇਬਲ ਤੁਰੰਤ ਹਟਾਉਣ ਲਈ ਕਿਹਾ ਹੈ। ਇਸ ਸਬੰਧੀ ਦੋਵਾਂ ਵਿਭਾਗਾਂ ਨੂੰ ਸ਼੍ਰੋਮਣੀ ਕਮੇਟੀ ਵੱਲੋਂ ਪੱਤਰ ਵੀ ਲਿਖੇ ਗਏ ਹਨ। ਜਾਣਕਾਰੀ ਦਿੰਦਿਆਂ ਸ਼੍ਰੋਮਣੀ ਕਮੇਟੀ ਦੇ ਸਕੱਤਰ ਦਿਲਜੀਤ ਸਿੰਘ ਬੇਦੀ ਨੇ ਦੱਸਿਆ ਕਿ ਬੀਤੇ ਦਿਨੀਂ ਸ਼ਤਾਬਦੀ ਐਕਸਪ੍ਰੈੱਸ ਵਿਚ ਪਾਣੀ ਦੀਆਂ ਬੋਤਲਾਂ ‘ਤੇ ਸੱਚਖੰਡ ਸ੍ਰੀ ਹਰਿਮੰਦਰ ਸਾਹਿਬ ਦੀ ਤਸਵੀਰ ਵਾਲੇ ਲੇਬਲ ਦਾ ਮਾਮਲਾ ਸਾਹਮਣੇ ਆਇਆ ਸੀ, ਜਿਸ ‘ਤੇ ਸ਼੍ਰੋਮਣੀ ਕਮੇਟੀ ਦੀ ਕਾਰਵਾਈ ਤੋਂ ਬਾਅਦ ਰੇਲਵੇ ਦੇ ਕੈਟਰਿੰਗ ਤੇ ਟੂਰਿਜ਼ਮ ਕਾਰਪੋਰੇਸ਼ਨ ਨੇ ਜਵਾਬੀ ਪੱਤਰ ਰਾਹੀਂ ਇਸ ਨੂੰ ਅਣਜਾਣੇ ‘ਚ ਹੋਈ ਭੁੱਲ ਦੱਸ ਕੇ ਤਸਵੀਰ ਵਾਲੇ ਲੇਬਲ ਵਾਪਸ ਲੈਣ ਦਾ ਦਾਅਵਾ ਕੀਤਾ ਗਿਆ ਸੀ ਪਰ ਹੁਣ ਇਕ ਵਾਰ ਫਿਰ ਇਹ ਲੇਬਲ ਚਾਹ ਦੀਆਂ ਕੇਤਲੀਆਂ ‘ਤੇ ਪਾਏ ਜਾਣ ਨਾਲ ਸਿੱਖਾਂ ਵਿਚ ਭਾਰੀ ਰੋਸ ਫੈਲਿਆ ਹੈ। ਰੇਲ ਸਫਰ ਵਾਲੇ ਕੁਝ ਲੋਕਾਂ ਵੱਲੋਂ ਸ੍ਰੀ ਦਰਬਾਰ ਸਾਹਿਬ ਦੀਆਂ ਤਸਵੀਰਾਂ ਵਾਲੇ ਲੇਬਲਾਂ ਸਮੇਤ ਕੇਤਲੀਆਂ ਦੀਆਂ ਤਸਵੀਰਾਂ ਸ਼੍ਰੋਮਣੀ ਕਮੇਟੀ ਨੂੰ ਭੇਜੀਆਂ ਗਈਆਂ ਹਨ। ਉਨ੍ਹਾਂ ਸਪੱਸ਼ਟ ਸ਼ਬਦਾਂ ਵਿਚ ਕਿਹਾ ਕਿ ਕਿਸੇ ਨੂੰ ਵੀ ਸੱਚਖੰਡ ਸ੍ਰੀ ਹਰਿਮੰਦਰ ਸਾਹਿਬ ਦੀ ਤਸਵੀਰ ਵਪਾਰਕ ਮਸ਼ਹੂਰੀ ਲਈ ਛਾਪਣ ਦੀ ਇਜਾਜ਼ਤ ਨਹੀਂ ਦਿੱਤੀ ਜਾ ਸਕਦੀ। ਦੂਜੇ ਪਾਸੇ ਬੀ. ਐੱਸ. ਐੱਨ. ਐੱਲ. ਦੇ ਇਕ ਉੱਚ ਅਧਿਕਾਰੀ ਦੀਪਕ ਗਰਗ ਨੇ ਵੀ ਸ਼੍ਰੋਮਣੀ ਕਮੇਟੀ ਦੇ ਅਧਿਕਾਰੀਆਂ ਨੂੰ ਸੱਚਖੰਡ ਸ੍ਰੀ ਹਰਿਮੰਦਰ ਸਾਹਿਬ ਦੀ ਤਸਵੀਰ ਵਾਲੀ ਮਸ਼ਹੂਰੀ ‘ਤੇ ਰੋਕ ਲਾਉਣ ਦੀ ਗੱਲ ਆਖੀ ਹੈ ਅਤੇ ਭਵਿੱਖ ‘ਚ ਅਜਿਹਾ ਨਾ ਕਰਨ ਦਾ ਵੀ ਭਰੋਸਾ ਦਿੱਤਾ ਹੈ। ਸ. ਬੇਦੀ ਨੇ ਕਿਹਾ ਕਿ ਇਹ ਬੇਹੱਦ ਸੰਜੀਦਾ ਮਾਮਲਾ ਹੈ ਅਤੇ ਜੇਕਰ ਸੰਗਤਾਂ ਵਿਚ ਰੋਸ ਤੇ ਰੋਹ ਕਾਰਨ ਕੋਈ ਅਣਸੁਖਾਵੀਂ ਘਟਨਾ ਵਾਪਰਦੀ ਹੈ ਤਾਂ ਇਸ ਦਾ ਜ਼ਿੰਮੇਵਾਰ ਰੇਲਵੇ ਤੇ ਬੀ. ਐੱਸ. ਐੱਨ. ਐੱਲ. ਵਿਭਾਗ ਹੋਵੇਗਾ।